# ਡੇਅਰੀ ਪ੍ਰੋਸੈਸਿੰਗ, ਉਤਪਾਦ ਵਿਭਿੰਨਤਾ ਦੇ ਬੁਨਿਆਦੀ ਢਾਂਚੇ ਲਈ ਏ ਐਚ ਆਈ ਡੀ ਐਫ ਅਧੀਨ ਮਦਦ ਸੁਲੱਭ

ਭਾਰਤ ਸਰਕਾਰ ਨੇ ਆਤਮ ਨਿਰਭਰ ਭਾਰਤ ਅਭਿਆਨ ਪ੍ਰੋਤਸਾਹਨ ਪੈਕੇਜ ਦੇ ਤਹਿਤ ਨਿਵੇਸ਼ ਨੂੰ ਹੁਲਾਰਾ ਦੇਣ ਲਈ ਇੱਕ ਕੇਂਦਰੀ ਯੋਜਨਾ ਪਸ਼ੂ ਪਾਲਣ ਬੁਨਿਆਦੀ ਢਾਂਚਾ ਵਿਕਾਸ ਫੰਡ (ਏ ਐਚ ਆਈ ਡੀ ਐਫ) ਦੀ ਸਥਾਪਨਾ ਕੀਤੀ ਹੈ। ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਦੀ ਅਗਵਾਈ ਹੇਠ, ਏ ਐਚ ਆਈ ਡੀ ਐਫ ਡੇਅਰੀ ਪ੍ਰੋਸੈਸਿੰਗ ਅਤੇ ਮੁੱਲ-ਵਾਧਾ ਉਤਪਾਦ ਨਿਰਮਾਣ ਇਕਾਈਆਂ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਦਾ ਹੈ।

ਏ ਐਚ ਆਈ ਡੀ ਐਫ ਅਧੀਨ ਪ੍ਰਾਜੈਕਟ, ਯੋਗ ਲਾਭਪਾਤਰੀਆਂ ਵੱਲੋਂ ਵਿਵਹਾਰਕ ਪ੍ਰਾਜੈਕਟਾਂ ਨੂੰ ਜਮ੍ਹਾ ਕਰਨ ਦੇ ਅਧਾਰ 'ਤੇ, ਅਨੁਸੂਚਿਤ ਬੈਂਕਾਂ ਤੋਂ ਅਨੁਮਾਨਿਤ/ਅਸਲ ਪ੍ਰੋਜੈਕਟ ਲਾਗਤ ਦੇ 90% ਤੱਕ ਕਰਜ਼ੇ ਲਈ ਯੋਗ ਹਨ।

ਸੂਖਮ ਅਤੇ ਛੋਟੀਆਂ ਇਕਾਈਆਂ ਦੇ ਲਈ ਸੂਖਮ, ਲਘੂ ਅਤੇ ਦਰਮਿਆਨੇ ਉੱਦਮ (ਐਮ ਐਸ ਐਮ ਈ) ਪਰਿਭਾਸ਼ਿਤ ਸੀਮਾ ਦੇ ਅਨੁਸਾਰ, ਲਾਭਪਾਤਰੀ ਦਾ ਯੋਗਦਾਨ ਕਰਜ਼ੇ ਦੀ ਰਕਮ ਦਾ 10% ਹੋ ਸਕਦਾ ਹੈ। ਮੱਧਮ ਉਦਯੋਗਾਂ ਲਈ, ਪਰਿਭਾਸ਼ਿਤ ਐਮ ਐਸ ਐਮ ਈ ਸੀਲਿੰਗ ਦੇ ਅਨੁਸਾਰ, ਲਾਭਪਾਤਰੀ ਯੋਗਦਾਨ 15% ਤੱਕ ਜਾ ਸਕਦਾ ਹੈ। ਉੱਦਮਾਂ ਦੀਆਂ ਹੋਰ ਸ਼੍ਰੇਣੀਆਂ ਵਿੱਚ ਲਾਭਪਾਤਰੀ ਯੋਗਦਾਨ 25% ਤੱਕ ਜਾ ਸਕਦਾ ਹੈ।

ਅਨੁਸੂਚਿਤ ਬੈਂਕ ਇਹ ਯਕੀਨੀ ਬਣਾਏਗਾ ਕਿ ਵੱਧ ਤੋਂ ਵੱਧ ਮੁੜ ਅਦਾਇਗੀ ਦੀ ਮਿਆਦ ਪਹਿਲੀ ਵੰਡ ਦੀ ਮਿਤੀ ਤੋਂ 10 ਸਾਲਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ, ਜਿਸ ਵਿੱਚ ਮੁੱਖ ਰਕਮ ਦੀ ਮੁੜ ਅਦਾਇਗੀ 'ਤੇ ਦੋ ਸਾਲਾਂ ਦੀ ਰੋਕ ਸ਼ਾਮਲ ਹੈ।

## ਡੇਅਰੀ ਪ੍ਰੋਸੈਸਿੰਗ ਦੇ ਅਧੀਨ ਸ਼ਾਮਲ ਗਤੀਵਿਧੀਆਂ

ਡੇਅਰੀ ਪ੍ਰੋਸੈਸਿੰਗ ਬੁਨਿਆਦੀ ਢਾਂਚੇ ਦੇ ਤਹਿਤ, ਯੋਗ ਲਾਭਪਾਤਰੀ ਮਿਆਰੀ ਅਤੇ ਸਾਫ਼ ਦੁੱਧ ਪ੍ਰੋਸੈਸਿੰਗ ਸਹੂਲਤਾਂ ਲਈ ਨਵੀਆਂ ਇਕਾਈਆਂ ਦੀ ਸਥਾਪਨਾ ਅਤੇ ਮੌਜੂਦਾ ਡੇਅਰੀ ਪ੍ਰੋਸੈਸਿੰਗ ਇਕਾਈਆਂ ਦੇ ਸੁਧਾਰ ਅਤੇ ਪੈਕੇਜਿੰਗ ਸਹੂਲਤਾਂ ਜਾਂ ਡੇਅਰੀ ਪ੍ਰੋਸੈਸਿੰਗ ਨਾਲ ਸਬੰਧਤ ਕਿਸੇ ਵੀ ਹੋਰ ਗਤੀਵਿਧੀਆਂ ਨੂੰ ਮਜ਼ਬੂਤ ਕਰਨ ਲਈ ਲਾਭ ਲੈ ਸਕਦੇ ਹਨ।

## ਮੁੱਲ-ਵਾਧਾ ਉਤਪਾਦਨ ਦੇ ਤਹਿਤ ਆਉਣ ਵਾਲੀਆਂ ਗਤੀਵਿਧੀਆਂ

ਯੋਗ ਸੰਸਥਾਵਾਂ ਨਵੀਂਆਂ ਇਕਾਈਆਂ ਦੀ ਸਥਾਪਨਾ ਅਤੇ ਮੌਜੂਦਾ ਇਕਾਈਆਂ ਨੂੰ ਮਜ਼ਬੂਤ ਕਰਨ ਲਈ ਹੇਠ ਲਿਖੇ ਦੁੱਧ ਉਤਪਾਦਾਂ ਦੇ ਮੁੱਲ ਵਾਧੇ ਲਈ ਵੀ ਕਰਜ਼ਾ ਲੈ ਸਕਦੀਆਂ ਹਨ:

- ਆਈਸ ਕਰੀਮ ਇਕਾਈ
- ਪਨੀਰ ਉਤਪਾਦਨ ਇਕਾਈ
- ਟੈਟਰਾ ਪੈਕੇਜਿੰਗ ਸਹੂਲਤਾਂ ਦੇ ਨਾਲ ਅਲਟ੍ਰਾ-ਹਾਈ ਟੈਂਪਰੇਚਰ (ਯੂ ਐਚ ਟੀ) ਦੁੱਧ ਦੀ ਪ੍ਰੋਸੈਸਿੰਗ ਇਕਾਈ
- ਮਹਿਕਦਾਰ ਦੁੱਧ ਉਤਪਾਦਨ ਇਕਾਈ
- ਦੁੱਧ ਪਾਊਡਰ ਉਤਪਾਦਨ ਇਕਾਈ
- ਵੇਅ ਪਾਊਡਰ ਉਤਪਾਦਨ ਇਕਾਈ
- ਕੋਈ ਹੋਰ ਦੁੱਧ ਉਤਪਾਦ ਅਤੇ ਮੁੱਲ ਵਾਧਾ ਉਤਪਾਦਨ ਇਕਾਈ

## ਏ ਐਚ ਆਈ ਡੀ ਐਫ ਦੇ ਤਹਿਤ ਲੋਨ ਲਈ ਯੋਗ ਲਾਭਪਾਤਰੀ

- ਕਿਸਾਨ ਉਤਪਾਦਕ ਸੰਗਠਨ (ਐਫ ਪੀ ਓ)
- ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ (ਐਮ ਐਸ ਐਮ ਈ)
- ਸੈਕਸ਼ਨ 8 ਕੰਪਨੀਆਂ
- ਨਿਜੀ ਕੰਪਨੀਆਂ
- ਵਿਅਕਤੀਗਤ ਉੱਦਮੀ

## ਲਾਭ

ਲਾਭਪਾਤਰੀਆਂ ਨੂੰ ਨਿਵੇਸ਼ ਵਜੋਂ ਘੱਟੋ-ਘੱਟ 10% ਮਾਰਜਿਨ ਮਨੀ ਦਾ ਯੋਗਦਾਨ ਦੇਣਾ ਪੈਂਦਾ ਹੈ। ਬਕਾਇਆ 90% ਅਨੁਸੂਚਿਤ ਬੈਂਕਾਂ ਰਾਹੀਂ ਉਪਲਬਧ ਕਰਾਇਆ ਜਾਣ ਵਾਲਾ ਕਰਜ਼ੇ ਦਾ ਹਿੱਸਾ ਹੈ।

ਭਾਰਤ ਸਰਕਾਰ ਯੋਗ ਲਾਭਪਾਤਰੀਆਂ ਨੂੰ 3% ਵਿਆਜ ਸਹਾਇਤਾ ਪ੍ਰਦਾਨ ਕਰੇਗੀ।

ਮੂਲ ਕਰਜ਼ੇ ਦੀ ਰਕਮ ਲਈ 2 ਸਾਲ ਦੀ ਰੋਕ ਹੋਵੇਗੀ ਅਤੇ ਉਸ ਤੋਂ ਬਾਅਦ 6 ਸਾਲ ਦੀ ਮੁੜ ਅਦਾਇਗੀ ਦੀ ਮਿਆਦ ਹੋਵੇਗੀ।

ਕ੍ਰੈਡਿਟ ਗਾਰੰਟੀ ਫੰਡ (ਸੀ ਜੀ ਐਫ) ਤੋਂ ਉਹਨਾਂ ਮੰਜ਼ੂਰਸ਼ੁਦਾ ਪ੍ਰਾਜੈਕਟਾਂ ਨੂੰ ਕ੍ਰੈਡਿਟ ਗਾਰੰਟੀ ਪ੍ਰਦਾਨ ਕੀਤੀ ਜਾਵੇਗੀ ਜੋ ਐਮ ਐਸ ਐਮ ਈ ਪਰਿਭਾਸ਼ਿਤ ਸੀਮਾਵਾਂ ਦੇ ਅਧੀਨ ਆਉਂਦੇ ਹਨ। ਗਾਰੰਟੀ ਕਵਰੇਜ ਕਰਜ਼ਾ ਲੈਣ ਵਾਲੇ ਦੀ ਕ੍ਰੈਡਿਟ ਸਹੂਲਤ ਦੇ 25% ਤੱਕ ਹੋਵੇਗੀ।

## ਅਰਜ਼ੀ ਕਿਵੇਂ ਦੇਣੀ ਹੈ?

ਡੇਅਰੀ ਅਤੇ ਮੁੱਲ-ਵਾਧਾ ਬੁਨਿਆਦੀ ਢਾਂਚੇ ਦੀ ਸਥਾਪਨਾ ਜਾਂ ਮੌਜੂਦਾ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਨਿਵੇਸ਼ ਕਰਨ ਦਾ ਇਰਾਦਾ ਰੱਖਣ ਵਾਲੇ ਲਾਭਪਾਤਰੀਆਂ ਨੂੰ ਭਾਰਤੀ ਲਘੂ ਉਦਯੋਗ ਬੈਂਕ (ਸਿਡਬੀ) ਵੱਲੋਂ ਵਿਕਸਤ ਕੀਤੇ ਗਏ 'ਉਦਯਾਮੀ ਮਿੱਤਰ' ਪੋਰਟਲ https://ahidf.udyamimitra.in ਰਾਹੀਂ ਪੂਰੀ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਦੇ ਨਾਲ ਦਾਅਵਾ ਪੇਸ਼ ਕਰਨਾ ਹੋਵੇਗਾ।

ਅਨੁਸੂਚਿਤ ਬੈਂਕ, ਪ੍ਰਾਜੈੱਕਟ ਦੇ ਉਚਿਤ ਮੁਲਾਂਕਣ ਅਤੇ ਮਨਜ਼ੂਰੀ ਤੋਂ ਬਾਅਦ, ਔਨਲਾਈਨ ਵਿਧੀ ਰਾਹੀਂ ਵਿਆਜ ਸਹਾਇਤਾ ਦੀ ਪ੍ਰਵਾਨਗੀ ਲਈ ਅਰਜ਼ੀ/ਪ੍ਰੋਜੈਕਟ ਨੂੰ ਭਾਰਤ ਸਰਕਾਰ ਦੇ ਪਸ਼ੂ ਪਾਲਣ ਅਤੇ ਡੇਅਰੀ ਵਿਭਾਗ ਨੂੰ ਭੇਜੇਗਾ।